# ਮਾਰਕਸਵਾਦ ਦੀ ਚਾਨਣੀ ਵਿਚ ਕਲਾ-ਪ੍ਰਤੀਬੱਧਤਾ ਦਾ ਚਸ਼ਮਾ ਭਾਅ ਜੀ ਗੁਰਸ਼ਰਨ ਸਿੰਘ

*—ਦਰਸ਼ਨ ਖਟਕੜ*

1969 ਵਿਚ ਮੈਂ ਵਿਦਿਆਰਥੀ-ਸਰਗਰਮੀਆਂ ਕਾਰਨ ਰੂਪੋਸ਼ ਸਾਂ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹੋਸਟਲ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਦੀ ਕਿਸੇ ਮੀਟਿੰਗ ਲਈ ਗਿਆ ਸਾਂ। ਸ਼ਾਮ ਨੂੰ ਪਤਾ ਲੱਗਿਆ ਕਿ ਉਸ ਰਾਤ ਯੂਨੀਵਰਸਿਟੀ ਦੇ ਆਰਟ ਆਡੋਟੋਰੀਅਮ ਵਿਚ ਗੁਰਸ਼ਰਨ ਸਿੰਘ ਦੀ ਨਿਰਦੇਸ਼ਨਾ ਹੇਠ ਅੰਮ੍ਰਿਤਸਰ ਕਲਾ ਕੇਂਦਰ, ਰੂਸ ਦੇ ਸੰਸਾਰ ਪ੍ਰਸਿੱਧ ਲੇਖਕ ਗੋਰਕੀ ਦਾ ਨਾਟਕ 'ਆਲ੍ਹਣਾ ਤੀਲ੍ਹੋ-ਤੀਲ੍ਹ' ਖੇਡ ਰਿਹਾ ਹੈ। ਮੈਨੂੰ ਯੂਨੀਵਰਸਿਟੀ ਦੇ ਆਪਣੇ ਸਾਥੀਆਂ ਤੋਂ ਪਤਾ ਲੱਗਾ ਕਿ ਗੁਰਸ਼ਰਨ ਸਿੰਘ ਨਾਟਕ ਅਤੇ ਰੰਗਮੰਚ ਦੇ ਪਿੜ ਵਿਚ ਇਕ ਗਿਣਨਯੋਗ ਹਸਤੀ ਹੈ। ਪੀ.ਐੱਸ.ਯੂ. ਦੀ ਸਾਡੀ ਸਾਰੀ ਟੀਮ ਇਹ ਨਾਟਕ ਦੇਖਣ ਲਈ ਆਈ। ਮੇਰੇ ਲਈ ਉਹ ਨਾਟਕ ਕਿਸੇ ਕਲਾ-ਇਲਮ ਨਾਲੋਂ ਘੱਟ ਮਹੱਤਵਪੂਰਨ ਨਹੀਂ ਸੀ। ਗੁਰਸ਼ਰਨ ਸਿੰਘ ਆਪ ਘਰ ਦੇ ਮੁਖੀ ਦਾ ਰੋਲ ਨਿਭਾ ਰਹੇ ਸਨ। ਜਤਿੰਦਰ ਕੌਰ, ਦਲਜੀਤ ਕੌਰ, ਬਾਵਾ ਬੁੱਧ ਸਿੰਘ, ਹਰਭਜਨ ਜੱਬਲ, ਸਾਰੇ ਉਸ ਨਾਟਕ ਵਿਚ ਸ਼ਾਮਲ ਸਨ। ਭਾ ਜੀ ਦਾ ਸੁਡੌਲ ਸਰੀਰ, ਖੁੱਲ੍ਹਾ ਤੇ ਦਰਮਿਆਨਾ ਦਾੜ੍ਹਾ, ਕੇਸ ਪਿੱਛੇ ਵੱਲ ਪਿੱਠ 'ਤੇ ਖਿਲਾਰੇ ਹੋਏ ਅਤੇ ਮੋਢਿਆਂ 'ਤੇ ਬੱਧਰੀਆਂ ਵਾਲੀ ਪੈਂਟ ਵਿਚ ਭਾ ਜੀ ਸਾਕਾਰ ਰੂਪ ਵਿਚ ਉਸ ਨਾਟਕ ਵਿਚਲਾ ਕਿਰਦਾਰ ਬਣੀ ਬੈਠੇ ਸਨ। ਉਥੋਂ ਹੀ ਪਤਾ ਲੱਗਾ ਕਿ ਇਹ ਅਕਾਦਮਿਕ ਖੇਤਰ ਤੋਂ ਬਾਹਰਲਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਨਾਟਕਕਾਰ ਅਤੇ ਪ੍ਰਗਤੀਸ਼ੀਲ ਵਿਚਾਰਧਾਰਾ ਨਾਲ ਪ੍ਰਣਾਇਆ ਹੋਇਆ ਨਾਟਕਕਾਰ ਹੈ।

1970 ਦਾ ਸਾਲ ਚੜ੍ਹਿਆ, ਪੰਜਾਬ ਦੇ ਸਿਆਸੀ, ਵਿਦਿਅਕ, ਸਮਾਜਿਕ, ਸਾਹਿਤਕ, ਸਭਿਆਚਾਰਕ ਤੇ ਪੱਤਰਕਾਰਾਂ ਦੇ ਖੇਤਰ ਵਿਚ ਇਕ ਨਵੀਂ ਹਿਲਜੁਲ ਮਹਿਸੂਸ ਹੋਣ ਲੱਗੀ। ਇਸ ਸਮੇਂ ਵਿਚ ਜੁਝਾਰਵਾਦੀ ਕਵੀਆਂ ਦੀਆਂ ਕਵਿਤਾਵਾਂ ਸਾਹਮਣੇ ਆਉਣ ਲੱਗੀਆਂ। ਹੇਮਜਯੋਤੀ ਮਾਸਿਕ ਪੱਤਰ, ਇਸ ਲਹਿਰ ਦਾ ਇਕ ਅਣ-ਅਧਿਕਾਰਤ ਬੁਲਾਰਾ ਬਣ ਕੇ ਅਗਵਾਈ ਤੇ ਖਿੱਚ ਦਾ ਕੇਂਦਰ ਬਣਨ ਲੱਗਾ ਅਤੇ ਭਾ ਜੀ ਦੀ ਅਗਵਾਈ ਅੰਮ੍ਰਿਤਸਰ ਕਲਾ ਕੇਂਦਰ ਇਕ ਨਵੀਂ ਊਰਜਾ ਲੈ ਕੇ ਸਰਗਰਮੀ ਕਰਨ ਲੱਗੇ। ਇਸੇ ਸਮੇਂ ਵਿਚ ਭਾ ਜੀ ਦੀ ਸਰਗਰਮੀ ਅਤੇ ਸ਼ਖ਼ਸੀਅਤ

ਦਾ ਇਕ ਹੋਰ ਪਹਿਲੂ ਇਕ ਸੰਪਾਦਕ ਦੇ ਰਾਹੀਂ ਰੂਪਮਾਨ ਹੋਇਆ ਅਤੇ ਇਨਕਲਾਬੀ ਮਾਸਿਕ ਪੱਤਰ 'ਸਰਦਲ' ਪ੍ਰਕਾਸ਼ਿਤ ਹੋਣ ਲੱਗਾ, ਜਿਸ ਵਿਚ ਸਮਕਾਲੀ ਸਿਆਸਤ, ਨੀਤੀਆਂ ਅਤੇ ਕਈ ਹੋਰ ਨੁਕਤੇ ਵਿਚਾਰੇ ਜਾਣ ਲੱਗੇ। ਅੰਮ੍ਰਿਤਸਰ ਦੀ ਗਾਂਧੀ ਗਰਾਊਂਡ ਦਾ ਖੁੱਲ੍ਹਾ ਮੰਚ, ਨਵੀਂ ਚੇਤਨਾ ਦਾ ਇਕ ਨਵਾਂ ਮੰਚ ਬਣ ਕੇ ਉੱਭਰਨ ਲੱਗਾ।

ਗੁਰਸ਼ਰਨ ਭਾ ਜੀ ਸਾਂਝੀ ਕਮਿਊਨਿਸਟ ਪਾਰਟੀ ਦੀ ਸਾਂਝੀ ਟਰੇਡ ਯੂਨੀਅਨ ਨਾਲ ਸੰਬੰਧਤ ਰਹੇ ਸਨ। ਸ੍ਰੀ ਸੱਤਪਾਲ ਡਾਂਗ ਵਰਗੇ ਕਈ ਅਨੇਕਾਂ ਆਗੂ ਉਨ੍ਹਾਂ ਦੇ ਸੰਪਰਕ ਵਿਚ ਰਹੇ ਸਨ। ਇਸ ਕਰਕੇ ਜਿਹੜੇ ਕਿੰਤੂ-ਪਰੰਤੂ ਉਹ ਉਠਾਉਂਦੇ ਸਨ ਅਤੇ ਜਿਹੜੇ ਭਾ ਜੀ ਦੀਆਂ ਸੋਚਾਂ ਵੀ ਮੱਲੀ ਰੱਖਦੇ ਸਨ, ਉਨ੍ਹਾਂ ਨੂੰ ਉਹ ਸਾਂਝੀ ਵਿਚਾਰ ਲਈ ਪੇਸ਼ ਕਰਦੇ ਸਨ।

ਇਸੇ ਕਰਕੇ ਭਾ ਜੀ ਨੇ ਲੋਕ-ਲਹਿਰ ਅਤੇ ਕਮਿਊਨਿਸਟ ਲਹਿਰ ਨਾਲ ਸੰਬੰਧਤ ਕਈ ਮੁੱਦਿਆਂ ਉਪਰ ਵਿਚਾਰ-ਚਰਚਾ ਕਰਵਾਉਣ ਲਈ ਸਮਾਗਮ ਕੀਤੇ ਅਤੇ ਉਨ੍ਹਾਂ ਵਿਚ ਡਾ. ਰਣਧੀਰ ਸਿੰਘ, ਪ੍ਰੋ. ਬਿਪਨ ਚੰਦਰ ਤੋਂ ਬਿਨਾਂ ਕਈ ਨਕਸਲੀ-ਆਗੂਆਂ ਨੂੰ ਵਿਚਾਰ-ਪ੍ਰਗਟਾਵੇ ਲਈ ਸੱਦਿਆ ਅਤੇ ਸੀ.ਪੀ.ਆਈ. ਦੇ ਆਗੂਆਂ ਨੂੰ ਵੀ। ਸਪੱਸ਼ਟ ਸੀ ਕਿ ਇਹ ਮਾਮਲੇ ਖੁੱਲ੍ਹੀਆਂ ਬਹਿਸਾਂ ਨਾਲ ਨਿਪਟਣ ਵਾਲੇ ਨਹੀਂ ਸਨ। ਪਰ ਫਿਰ ਵੀ ਭਾ ਜੀ ਨੇ ਅਜਿਹੀਆਂ ਬਹਿਸਾਂ ਰਾਹੀਂ ਇਕ ਤਰਕਪੂਰਨ ਤੇ ਵਿਵੇਕਸ਼ੀਲ ਮਾਹੌਲ ਸਿਰਜਣ ਦਾ ਗੰਭੀਰ ਜਤਨ ਕੀਤਾ। ਇਨ੍ਹਾਂ ਬਹਿਸਾਂ ਅਤੇ ਚਰਚਾਵਾਂ ਦੀ ਸੀਮਾ ਦਾ ਅਹਿਸਾਸ ਉਨ੍ਹਾਂ ਨੂੰ ਵੀ ਸੀ ਪਰ ਤਦ ਵੀ ਉਨ੍ਹਾਂ ਵਿਚਾਰ-ਚਰਚਾ ਲਈ ਮੰਚ ਪ੍ਰਦਾਨ ਕਰਦੇ ਹੋਏ ਆਪਣੀ ਪ੍ਰਤੀਬੱਧਤਾ ਨੂੰ ਨਕਸਲੀ ਵਿਚਾਰਾਂ ਨਾਲ ਭਰਪੂਰ ਬਣਾਈ ਰੱਖਿਆ। ਇਹ ਮੌਕਾ ਸੀ ਕਿ ਮੁੱਖ ਧਾਰਾ ਕਮਿਊਨਿਸਟ ਪਾਰਟੀਆਂ ਭਾਵ ਸੀ.ਪੀ.ਆਈ. ਤੇ ਸੀ.ਪੀ.ਐੱਮ. ਉਸ ਵਿਚਾਰ-ਚਰਚਾ ਤੋਂ ਕੁਝ ਸਿੱਖ ਲੈਂਦੀਆਂ, ਸੋਵੀਅਤ ਯੂਨੀਅਨ ਵਿਚਲੀ ਸਰਮਾਏਦਾਰੀ ਦੀ ਮੁੜ-ਬਹਾਲੀ ਨੂੰ ਸਮਝਣ ਦਾ ਜਤਨ ਕਰ ਲੈਂਦੀਆਂ ਅਤੇ ਆਪਣੇ-ਆਪ ਨੂੰ ਹਾਕਮ-ਜਮਾਤਾਂ ਦੀਆਂ ਪਾਰਟੀਆਂ ਬਣਨ ਤੋਂ ਬਚਾ ਲੈਂਦੀਆਂ।

ਇਸ ਸਿੱਧਾਂਤਕ-ਖੇਤਰ ਤੇ ਪੱਤਰਕਾਰੀ ਦੇ ਕਾਰਜਾਂ ਦੇ ਨਾਲ-ਨਾਲ ਗਾਂਧੀ ਗਰਾਊਂਡ ਨਾਟਕਾਂ ਤੇ ਰੰਗਮੰਚ ਦੇ ਇਕ ਕੇਂਦਰ ਵਜੋਂ ਵੀ ਉਭਰਨ ਲੱਗਾ। ਭਾ ਜੀ ਨੇ ਕਈ ਨਾਟਕ-ਸਮਾਰੋਹ ਅਤੇ ਨਾਟਕ-ਮੁਕਾਬਲੇ ਆਯੋਜਨ ਕੀਤੇ। ਉਨ੍ਹਾਂ ਨਾਟਕਾਂ ਦੇ ਵੱਖੋ-ਵੱਖ ਵਿਸ਼ਿਆਂ ਅਤੇ ਰੰਗਮੰਚੀ ਜੁਗਤਾਂ ਨੂੰ ਆਪਸ ਵਿਚ ਖਹਿਣ ਤੇ ਵਿਗਸਣ ਦਾ ਮੌਕਾ ਪ੍ਰਦਾਨ ਕੀਤਾ। ਇਸ ਕਰਕੇ ਉਨ੍ਹਾਂ ਨੂੰ 'ਕਿੰਗ ਮਿਰਜ਼ਾ ਤੇ ਸਪੇਰਾ' ਵਰਗੇ ਐਬਸਰਡ ਸ਼ੈਲੀ ਦੇ ਨਾਟਕਾਂ ਦਾ ਮੰਚਣ ਵੀ ਕਰਵਾਇਆ। 'ਗੋਦੋ ਦੀ ਉਡੀਕ' ਵਰਗੇ ਭਾਵਪੂਰਤ ਨਾਟਕ ਅਤੇ 'ਨੰਗਾ ਆਦਮੀ' ਵਰਗੇ ਪ੍ਰਭਾਵਸ਼ਾਲੀ ਨਾਟਕਾਂ ਦਾ ਮੰਚਣ ਵੀ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਗੁਰਦਿਆਲ ਸਿੰਘ ਫੁੱਲ

ਵਰਗੇ ਨਾਟਕਕਾਰਾਂ ਦੇ ਸਿੱਖ-ਲਹਿਰ ਨਾਲ ਸੰਬੰਧਤ ਨਾਟਕ ਖੇਡੇ, ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਅਤੇ ਸੰਘਰਸ਼ ਨੂੰ ਉਚਿਆਉਂਦੇ ਨਾਟਕ ਖੇਡੇ। ਲੋਕ-ਧਾਰਾ ਵਿਚਲੇ ਇਕ ਨਾਇਕ ਦੁੱਲਾ ਭੱਟੀ ਉਪਰ ਲਿਖਵਾਇਆ ਨਾਟਕ 'ਧਮਕ ਨਗਾਰੇ ਦੀ' ਪੰਜਾਬੀ ਨਾਟਕ ਦੀ ਇਕ ਇਤਿਹਾਸਕ ਪ੍ਰਾਪਤੀ ਬਣ ਚੁੱਕਾ ਹੈ। ਭਾਰਤ ਦੀ ਜਰ-ਜਰ ਹੋਈ ਆਰਥਿਕ ਸਿਆਸੀ ਵਿਵਸਥਾ ਨੂੰ ਖੜੋਤ ਅਤੇ ਹਾਕਮਾਂ ਦੀ ਲੋਕਾਂ ਪ੍ਰਤੀ ਬੇਲਾਗਤਾ ਨੂੰ ਦਰਸਾਉਂਦੇ 'ਜੰਗੀ ਰਾਮ ਦੀ ਹਵੇਲੀ' ਵਰਗੇ ਨਾਟਕ ਉਨ੍ਹਾਂ ਦੀ ਵਿਸ਼ੇਸ਼ ਪ੍ਰਾਪਤੀ ਆਖੇ ਜਾ ਸਕਦੇ ਹਨ। 'ਹਵਾਈ ਗੋਲੇ' ਇਸ ਰਸਮੀ ਜਮਹੂਰੀਅਤ ਵਿਚ ਹਾਕਮ-ਜਮਾਤ ਸਿਆਸੀ-ਪਾਰਟੀਆਂ ਦੇ ਜਾਭਾਂ ਦੇ ਭੇੜ ਨੂੰ ਦਰਸਾਉਂਦੀ ਹੋਈ ਉਨ੍ਹਾਂ ਦੀ ਇਕ ਸ਼ਾਹਕਾਰ ਰਚਨਾ ਹੈ। ਭਾ ਜੀ ਦੀ ਅਟੁੱਟ ਅਤੇ ਅਡੋਲ ਲਗਨ ਅਤੇ ਸੰਘਰਸ਼ ਨੇ ਨਾਟਕ ਨੂੰ ਪੰਜਾਬੀ ਜਨਜੀਵਨ ਦਾ ਇਕ ਅੰਗ ਬਣਾ ਦਿੱਤਾ। ਮਗਰੋਂ ਉਨ੍ਹਾਂ ਨਾਟਕੀ ਅਤੇ ਮੰਚੀ ਜੁਗਤਾਂ ਨੂੰ ਹੋਰ ਸਰਲ ਅਤੇ ਸਾਦਾ ਬਣਾ ਕੇ ਉਸ ਨੂੰ ਦੂਰ-ਦੁਰਾਡੇ ਪਿੰਡਾਂ ਤਕ ਪਹੁੰਚਾਇਆ। ਪੰਜਾਬ ਵਿਚ ਅਨੇਕਾਂ ਨਾਟਕ-ਮੰਡਲੀਆਂ ਹੋਂਦ ਵਿਚ ਆ ਗਈਆਂ, ਜਿਹੜੀਆਂ ਹੁਣ ਵੀ ਲੋਕਪੱਖੀ ਨਾਟਕ ਨੂੰ ਲੋਕਾਂ ਤਕ ਲੈ ਕੇ ਜਾਣ ਦੇ ਕਾਰਜ ਵਿਚ ਡਟੀਆਂ ਹੋਈਆਂ ਹਨ।

ਭਾ ਜੀ ਗੁਰਸ਼ਰਨ ਸਿੰਘ ਇਕੋ-ਇਕ ਸਫ਼ਲ ਪ੍ਰਕਾਸ਼ਕ ਅਤੇ ਕੁਸ਼ਲ ਪ੍ਰਬੰਧਕ ਵੀ ਸਨ। ਉਨ੍ਹਾਂ ਚੰਗੀਆਂ ਕਿਤਾਬਾਂ ਘੱਟ ਕੀਮਤ ਤੇ ਪ੍ਰਕਾਸ਼ਤ ਕਰਨ ਦਾ ਉਦਮ ਕੀਤਾ। ਲੋਕਪੱਖੀ ਸਰੋਕਾਰਾਂ ਨਾਲ ਜੁੜੇ ਪੰਜਾਬੀ ਫ਼ਿਲਮ ਕਲਾਕਾਰ ਸ੍ਰੀ ਬਲਰਾਜ ਸਾਹਨੀ ਹੋਰਾਂ ਦੀ ਆਰੰਭ ਮਾਇਕ ਮਦਦ ਨਾਲ ਇਸ ਕਾਰਜ ਲਈ ਹੁਲਾਰਾ ਸਾਬਤ ਹੋਈ। ਇਸ ਉਦਮ ਕਰਕੇ ਉਨ੍ਹਾਂ ਕਈ ਨਵੇਂ ਤੇ ਲੋਕਪੱਖੀ ਸਾਹਿਤਕਾਰਾਂ ਦੀਆਂ ਰਚਨਾਵਾਂ ਬਿਨਾਂ ਪੈਸੇ ਲਿਆਂ ਛਾਪੀਆਂ ਅਤੇ ਲੋਕਾਂ ਤਕ ਪਹੁੰਚਾਇਆ।

ਇਨ੍ਹਾਂ ਸਾਰੇ ਮਹੱਤਵਪੂਰਨ ਪੱਖਾਂ ਦੇ ਨਾਲ-ਨਾਲ, ਉਨ੍ਹਾਂ ਦਾ ਬਹੁਤ ਹੀ ਵਿਸ਼ੇਸ਼ ਪੱਖ ਇਕ ਕਮਿਊਨਿਸਟ ਹੋਣਾ ਸੀ। ਇਸ ਵਿਸ਼ੇਸ਼ ਕਿਰਦਾਰ ਨੂੰ ਉਨ੍ਹਾਂ ਕਦੇ ਲੁਕੋਇਆ ਨਹੀਂ ਸੀ, ਸਗੋਂ ਇਸ 'ਤੇ ਮਾਣ ਕੀਤਾ ਸੀ। ਇਸ ਮਾਰਕਸੀ ਵਿਚਾਰਧਾਰਾ ਦੇ ਕਾਰਨ ਹੀ ਉਹ ਸਦਾ ਹੀ ਆਮ ਕਿਰਤੀ ਲੋਕਾਂ ਦੇ ਹੱਕ-ਪੱਖ ਵਿਚ ਖੜਦੇ ਰਹੇ। ਕਮਿਊਨਿਸਟਾਂ ਦੀ ਏਕਤਾ ਉਨ੍ਹਾਂ ਲਈ ਇਕ ਅਹਿਮ ਟੀਚਾ ਰਿਹਾ। ਉਹ ਸੀ.ਪੀ.ਆਈ. ਅਤੇ 'ਮਾਰਕਸੀ' ਪਾਰਟੀ ਦੀ ਫੁੱਟ ਨੂੰ ਨਿਰਾਧਾਰ ਮੰਨਦੇ ਰਹੇ ਅਤੇ ਨਕਸਲੀ-ਧਿਰਾਂ ਦੀ ਇਕਮੁੱਠਤਾ ਅਤੇ ਏਕਤਾ ਲੋਚਦੇ ਰਹੇ। ਉਨ੍ਹਾਂ ਦੀ ਇਹ ਤੀਬਰ ਇੱਛਾ ਰਹੀ ਕਿ ਨਕਸਲੀ ਧਿਰਾਂ ਹਰੇਕ ਸਥਿਤੀ ਵਿਚ ਇਕਮੁੱਠ ਹੋ ਕੇ ਦਖ਼ਲਅੰਦਾਜ਼ੀ ਕਰਨ, ਆਪਣੀ ਪ੍ਰਸੰਗਿਕਤਾ ਦਾ ਪ੍ਰਮਾਣ ਦੇਣ ਅਤੇ ਹਰਮਨਪਿਆਰਤਾ ਹਾਸਲ ਕਰਨ। ਉਨ੍ਹਾਂ ਦੀ ਇਸ ਤੜਫ਼ ਅਤੇ ਸੋਧ ਨੇ ਹੀ ਪੰਜਾਬ ਦੇ ਸੰਤਾਪ ਦੌਰਾਨ, ਇਨਕਲਾਬੀ ਕੇਂਦਰ ਦੀ ਸਥਾਪਨਾ ਨੂੰ ਸਾਕਾਰ ਕੀਤਾ। ਉਨ੍ਹਾਂ ਦੇ ਇਸ ਸੱਦੇ ਨਾਲ ਇਕ ਇਤਿਹਾਸਕ ਸਾਂਝੇ ਇਨਕਲਾਬੀ ਕੂਚ ਦਾ ਕਾਰਜ ਆਰੰਭਿਆ ਗਿਆ। ਇਸ ਕੂਚ ਦੌਰਾਨ ਗੁਰਦਾਸਪੁਰ,

ਅੰਮ੍ਰਿਤਸਰ ਦੇ ਉਨ੍ਹਾਂ ਖੇਤਰਾਂ ਤਕ ਪਹੁੰਚ ਕੀਤੀ ਗਈ, ਜਿਥੇ ਜਾਣ ਤੋਂ ਲੋਕ ਭੈਅ ਖਾਂਦੇ ਸਨ। ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਬੁਲੰਦ ਕਰਦੇ ਹੋਏ, ਇਹ ਇਨਕਲਾਬੀ ਕਾਫ਼ਲਾ ਸਰਕਾਰੀ ਤੇ ਫ਼ਿਰਕੂ ਦਹਿਸ਼ਤ ਲਈ ਇਕ ਐਲਾਨੀਆ ਚੁਣੌਤੀ ਸੀ। ਨਾਟਕਾਂ ਰਾਹੀਂ ਆਪਣੀ ਗੱਲ ਕਹਿੰਦੇ ਹੋਏ ਭਾ ਜੀ ਗੁਰਸ਼ਰਨ ਸਿੰਘ ਅਤੇ ਉਨ੍ਹਾਂ ਦੀ ਨਾਟਕ-ਟੀਮ ਇਸ ਕੂਚ ਦਾ ਅਟੁੱਟ ਅੰਗ ਬਣ ਕੇ ਵਿਚਰਦੇ ਰਹੇ। ਅੱਜ ਜਦੋਂ ਉਸ ਦਲੇਰਾਨਾ, ਵੰਗਾਰਾਂ ਪਾਉਂਦੇ ਅਤੇ ਲੋਕ-ਚੇਤਨਾ ਨੂੰ ਪ੍ਰਚੰਡ ਕਰਦੇ ਉਸ ਕੂਚ ਨੂੰ ਯਾਦ ਕਰਦੇ ਹਾਂ ਤਾਂ ਹੈਰਾਨੀ ਵੀ ਹੁੰਦੀ ਹੈ ਤੇ ਮਾਣ ਵੀ ਮਹਿਸੂਸ ਹੁੰਦਾ ਹੈ। ਹੈਰਾਨੀ ਇਹ ਕਿ ਇਹ ਸਾਂਝਾ ਕੂਚ ਉਨ੍ਹਾਂ ਖੇਤਰਾਂ ਅਤੇ ਪਿੰਡਾਂ ਵਿਚੀਂ ਆਪਣਾ ਸੁਨੇਹਾ ਦਿੰਦਾ ਲੰਘਿਆ, ਜਿਥੇ ਜਾਣ ਤੋਂ ਆਮ ਲੋਕ ਭੈਅ ਖਾਂਦੇ ਸਨ ਅਤੇ ਜਿਥੇ ਖ਼ਤਰੇ ਪੈਰ-ਪੈਰ 'ਤੇ ਖੜੇ ਸਨ। ਇਹ ਨਿਡਰ ਅਤੇ ਦਲੇਰਾਨਾ ਕਾਰਜ ਲੋਕਾਂ ਵਿਚ ਦਲੇਰੀ ਅਤੇ ਉਤਸ਼ਾਹ ਪੈਦਾ ਕਰਨ ਦਾ ਸਾਧਨ ਬਣਦਾ ਸੀ।

ਇਸ ਕੂਚ ਦਾ ਦੂਸਰਾ ਪੱਖ ਸੀ ਕਿ ਇਹ ਇਨਕਲਾਬੀ ਕਮਿਊਨਿਸਟ ਧਾਰਾ ਦਾ ਸਾਂਝਾ ਉਦਮ ਸੀ ਅਤੇ ਇਹ ਮੰਚ ਉਨ੍ਹਾਂ ਦੀਆਂ ਨੀਤੀਆਂ ਅਤੇ ਪਹੁੰਚ ਨੂੰ ਵੀ ਪ੍ਰਗਟ ਕਰਦਾ ਸੀ। ਭਾ ਜੀ ਦਾ ਨਾਟਕ ਅਤੇ ਮੰਚ ਇਸ ਇਨਕਲਾਬੀ ਕਾਫ਼ਲੇ ਦਾ ਇਕ ਅਟੁੱਟ ਅੰਗ ਰਿਹਾ। ਭਾ ਜੀ ਅਤੇ ਉਨ੍ਹਾਂ ਦੇ ਰੰਗਮੰਚ ਦੀ ਇਹ ਦਲੇਰਾਨਾ ਤੇ ਬਹਾਦਰ ਦੇ, ਪੰਜਾਬੀ ਨਾਟਕ ਅਤੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਦਰਜ ਹੋਣ ਵਾਲੀ ਹੈ।

ਭਾ ਜੀ ਆਪਣੀ ਸੋਚ ਅਤੇ ਅਮਲ ਵਿਚ ਪੂਰੀ ਤਰ੍ਹਾਂ ਮਾਰਕਸੀ ਫ਼ਲਸਫ਼ੇ, ਸਮਾਜਵਾਦ ਅਤੇ ਇਨਕਲਾਬ ਦੀ ਅਟੱਲਤਾ ਦੇ ਵਿਚਾਰਾਂ ਨਾਲ ਪਰਣਾਏ ਹੋਏ ਸਨ। ਉਨ੍ਹਾਂ ਨੇ ਹਰ ਸੰਭਵ ਜਤਨ ਕੀਤਾ ਕਿ ਇਹ ਫ਼ਲਸਫ਼ਾ ਆਮ ਆਦਮੀ ਨੂੰ ਓਪਰਾ ਨਾ ਲੱਗੇ। ਇਸ ਕਰਕੇ ਉਨ੍ਹਾਂ ਨੇ ਆਪਣੀ ਜੀਵਨ-ਸ਼ੈਲੀ ਨੂੰ ਇਸ ਪ੍ਰਕਾਰ ਢਾਲਿਆ ਕਿ ਇਹ ਸਭ ਨੂੰ ਪ੍ਰਵਾਨਤ ਲੱਗੇ। ਉਨ੍ਹਾਂ ਨੇ ਖਾਣ-ਪੀਣ ਦੀ ਸਾਦਗੀ ਅਪਣਾਈ, ਕਰੜੀ ਮਿਹਨਤ ਨੂੰ ਅਪਣਾਇਆ। ਕਿਸੇ ਉਚੇਚ ਦੀ ਮੰਗ ਨਹੀਂ ਕੀਤੀ ਅਤੇ ਸਦਾ ਨਿਰੰਤਰ ਸਰਗਰਮੀ ਨੂੰ ਅਪਣਾ ਕੇ ਰੱਖਿਆ। ਉਨ੍ਹਾਂ ਨੇ ਅਨੇਕਾਂ ਮੁਸ਼ਕਲਾਂ ਦੇ ਬਾਵਜੂਦ ਵੀ ਸੁਜਾਖੇ ਆਸ਼ਾਵਾਦ ਦਾ ਪੱਲਾ ਨਹੀਂ ਛੱਡਿਆ।

ਉਹ ਸਾਰੀ ਉਮਰ ਮਾਰਕਸੀ ਤੇ ਇਨਕਲਾਬੀ ਕਮਿਊਨਿਸਟ ਵਿਚਾਰਾਂ ਨਾਲ ਪ੍ਰਤੀਬੱਧ ਰਹੇ, ਇਸ ਗਿਆਨ ਅਤੇ ਵਿਸ਼ਵਾਸ ਨੂੰ ਕਲਾ ਦੇ ਰਾਹੀਂ ਕਿਰਤੀ ਲੋਕਾਂ ਤਕ ਪਹੁੰਚਾਣ ਲਈ ਸਰਗਰਮ ਰਹੇ।

ਭਾ ਜੀ ਗੁਰਸ਼ਰਨ ਸਿੰਘ ਵਿਚਾਰਾਂ ਦੀ ਪ੍ਰਪੱਕਤਾ, ਕਲਮ ਰਾਹੀਂ ਕਿਰਤੀਆਂ ਨੂੰ ਜਾਗਰਤ ਤੇ ਜਥੇਬੰਦ ਕਰਨ ਦਾ ਨਮੂਨਾ ਬਣੇ ਰਹੇ। ਉਨ੍ਹਾਂ ਦੀ ਇਸ ਪਰਪੱਕਤਾ ਅਤੇ ਵਿਸ਼ਵਾਸ ਦੀ ਪੁਸ਼ਟੀ ਅੰਤਰਰਾਸ਼ਟਰੀ ਪੱਧਰ 'ਤੇ ਹੋ ਰਹੀ ਹੈ, ਜਦੋਂ ਦੁਨੀਆ ਭਰ ਦੇ ਮਜ਼ਦੂਰ ਤੇ ਹੋਰ ਕਿਰਤੀ ਵਰਗ, ਸਾਮਰਾਜ ਦੇ ਗੜ੍ਹਾਂ ਵਿਚ ਕਾਰਪੋਰੇਟ ਦੀ ਲੁੱਟ,

ਭ੍ਰਿਸ਼ਟਾਚਾਰ ਅਤੇ ਮਜ਼ਦੂਰ-ਦੋਖੀ ਨੀਤੀਆਂ ਦੇ ਵਿਰੁੱਧ, ਜਬਰਦਸਤ ਰੋਹ ਤੇ ਰੋਸ ਦਾ ਪ੍ਰਗਟਾਵਾ ਕਰ ਰਹੇ ਹਨ। ਜ਼ਿੰਦਗੀ ਦੇ ਨਾਟਕ ਦਾ ਵਿਸ਼ੇਸ਼ ਨਾਟਕ, ਨਿਊਯਾਰਕ, ਲੰਡਨ, ਰੋਮ, ਬਰਲਿਨ, ਮੈਡਰਿਡ, ਏਥਨਜ ਦੀਆਂ ਸੜਕਾਂ 'ਤੇ ਖੇਡਿਆ ਜਾ ਰਿਹਾ ਹੈ। ਇਸ ਤਰ੍ਹਾਂ ਭਾ ਜੀ ਦੇ ਸੁਫ਼ਨਿਆਂ ਨੂੰ ਬੂਰ ਪੈ ਰਿਹਾ ਹੈ। ਭਾ ਜੀ ਦੇ ਸੁਫ਼ਨੇ ਅਮਰ ਹਨ ਅਤੇ ਉਨ੍ਹਾਂ ਲਈ ਸੰਘਰਸ਼ ਅਮਰ ਹੈ। ਇਨਕਲਾਬੀ ਕਮਿਊਨਿਸਟਾਂ ਦੀ ਏਕਤਾ ਦਾ ਸੁਫ਼ਨਾ ਵੀ ਜ਼ਰੂਰ ਸਾਕਾਰ ਹੋਵੇਗਾ, ਭਾਵੇਂ ਕੁਝ ਤੰਗਨਜ਼ਰ ਆਪਣੀ ਡੇਢ ਪਾ ਖਿਚੜੀ ਪਕਾਉਣ ਦੀ ਜ਼ਿਦ ਵੀ ਕਰਦੇ ਰਹਿਣ।